# ਪੀ.ਐਨ.ਸ਼ਾਹੀ ਦੇ ਨਾਟਕਾਂ ਦਾ ਵਿਸ਼ੈਗਤ ਅਧਿਐਨ:

ਡਾ.ਕੁਲਵੰਤ ਸਿੰਘ ਰਾਣਾ,ਐਸੋਸੀਏਟ ਪ੍ਰੋਫੈਸਰ, ਪੋਸਟ ਗਰੈਜੂਏਟ ਪੰਜਾਬੀ ਵਿਭਾਗ,ਡੀ.ਏ.ਵੀ,ਕਾਲਜ਼,ਹੁਸ਼ਿਆਰਪੁਰ

ਪੰਜਾਬੀ ਨਾਟਕ ਸਾਹਿਤ ਦੇ ਖੇਤਰ ਵਿਚ ਪੀ.ਐਂਨ.ਸ਼ਾਹੀ ਲੰਬੇ ਸਮੇਂ ਤੋਂ ਨਾਟਕ ਲਿਖਣ,ਖੇਡਣ ਅਤੇ ਨਿਰਦੇਸ਼ਨ ਦੇ ਖੇਤਰ ਵਿਚ ਘਾਲਣਾ ਕਰ ਰਿਹਾ ਹੈ ।ਉਹ ਨਾਟਕ ਲਿਖਣ ਤੋਂ ਪਹਿਲਾਂ ਉਸਦੀ ਮੰਚ ਤੇ ਪੇਸ਼ਕਾਰੀ ਕਰਦਾ ਹੈ।ਉਹ ਲੰਬੇ ਸਮੇਂ ਤੋਂ ਪੰਜਾਬੀ ਯੂਨੀਵਰਸਿਟੀ ਦੇ ਨਾਟਕ ਅਤੇ ਟੈਲੀਵਿਜ਼ਨ ਵਿਭਾਗ ਨਾਲ ਜੁੜਿਆ ਹੋਇਆ ਹੈ ।ਉਨ੍ਹਾਂ ਵਲੋਂ ਲਿਖੇ ਗਏ ਅਨੇਕਾਂ ਨਾਟਕ,ਇਕਾਂਗੀਆਂ ਅਤੇ ਬਾਲ ਥੀਏਟਰ ਨਾਲ ਸਬੰਧਤ ਨਾਟਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਖੇਡੇ ਗਏ ।ਵਿਚਾਰਾਧੀਨ ਵਿਸ਼ੇ ਵਿਚ ਅਸੀਂ ਪੀ.ਐਂਨ.ਸ਼ਾਹੀ ਦੇ ਤਿੰਨ ਨਾਟਕਾਂ ਧੁੱਖਦੀ ਧੂਣੀ(1978),ਕੱਲ ਤੇ ਅੱਜ(1994) ਅਤੇ ਯੁੱਗ ਵਰਤਾਰਾ(1996)ਬਾਰੇ ਅਸੀਂ ਚਰਚਾ ਕਰਾਂਗੇ।ਉਹਨਾਂ ਨੇ ਆਪਣੇ ਸਾਰੇ ਲਿਖੇ ਨਾਟਕਾਂ ਵਿਚ ਸਮਾਜਿਕ ਯਥਾਰਥ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ ।

ਪੀ.ਐਂਨ.ਸ਼ਾਹੀ ਦਾ ਪੂਰਾ ਨਾਟਕ ਧੁਖਦੀ ਧੂਣੀ ਪਹਿਲੀ ਵਾਰ 1978 ਵਿਚ ਛਪਿਆ ।ਧੁਖਦੀ ਧੂਣੀ ਨਾਟਕ ਪਹਿਲੀ ਵਾਰ 1978 ਵਿਚ ਪੰਜਾਬੀ ਯੂਨੀਵਰਸਿਟੀ ,ਪਟਿਆਲਾ ਵਿਖੇ ਸੁਭਾਸ਼ ਚੰਦਰ ਬੋਸ ਜੀ ਦੇ ਜਨਮ ਦਿਵਸ ਮੌਕੇ ਖੇਡਿਆ ਗਿਆ ।ਇਸ ਨਾਟਕ ਦੇ ਨਿਰਦੇਸ਼ਕ ਅਤੇ ਨਾਇਕ ਦਾ ਕਿਰਦਾਰ ਪੀ. ਐਂਨ.ਸ਼ਾਹੀ ਨੇ ਨਿਭਾਇਆ ।

ਇਸ ਨਾਟਕ ਵਿਚ ਪੀ.ਐਂਨ.ਸ਼ਾਹੀ ਨੇ ਸਮਾਜਕ ਯਥਾਰਥ ਦੀ ਪੇਸ਼ਕਾਰੀ ਕੀਤੀ ਹੈ ।ਨਾਟਕਕਾਰ ਨੇ ਇਸ ਨਾਟਕ ਨੂੰ ਪੰਜ ਭਾਗਾਂ ਵਿਚ ਵੰਡ ਕੇ ਸਮਾਜ ਅੰਦਰ ਫੈਲੀਆਂ ਬੁਰਾਈਆਂ ਨੂੰ ਯਥਾਰਥਕ ਢੰਗ ਨਾਲ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ । ਨਾਟਕ ਦਾ ਸਿਰਲੇਖ ਢੁੱਕਵਾਂ ਪ੍ਰਤੀਤ ਹੁੰਦਾ ਹੈ ਕਿਉਂਕਿ ਨਾਟਕ ਦੇ ਸਾਰੇ ਮੱਧ ਸ਼੍ਰੇਣੀ ਨਾਲ ਸਬੰਧਤ ਸਾਰੇ ਪਾਤਰ ਇਕ ਧੁਖਦੀ ਹੋਈ ਧੂਣੀ ਵਾਂਗ ਧੁੱਖ ਰਹੇ ਹਨ ।ਸੱਤਪਾਲ ਸ਼ਰਮਾ ਨੇ ਨਾਟਕ ਦਾ ਰੀਵਿਊ ਕਰਦੇ ਸਮੇਂ ਲਿਖਿਆ ਹੈ:

ਸਮਾਜ ਵਿਚ ਜੋ ਭ੍ਰਿਸ਼ਟਾਚਾਰ ਸਮਾਜ ਦੀ ਕਾਣੀ ਵੰਡ, ਅਮੀਰ ਗਰੀਬ ਵਿਚ ਡੂੰਘੀ ਖਾਈ ਦੀ ਹੋਂਦ ਨੂੰ ਸਾਡੇ ਸਾਹਮਣੇ ਲਿਆ ਕੇ ਦਰਸਾਇਆ ਹੈ ਕਿ ਇਸ ਸਮਾਜ ਵਿਚ ਦੱਬੇ ਕੁਚਲੇ ਵਰਗ ਦੇ ਮਨੁੱਖ ਇਕ 'ਧੁਖਦੀ ਧੂਣੀ' ਵਾਂਗ ਧੁਖ ਰਹੇ ਹਨ । 1

ਪੀ.ਐਂਨ .ਸ਼ਾਹੀ ਦਾ ਇਹ ਨਾਟਕ ਸੱਚ ਅਤੇ ਝੂਠ,ਅਮੀਰ ਅਤੇ ਗਰੀਬ ,ਚੰਗੇ ਅਤੇ ਮਾੜੇ,ਭ੍ਰਿਸ਼ਟਾਚਾਰਕ ਸਮਾਜਕ ਕਾਣੀ ਵੰਡ ਅਤੇ ਰਾਜਨੀਤਕ ਲੋਕਾਂ ਦੇ ਕਿਰਦਾਰ ਨੂੰ ਨੰਗਾ ਕਰਦਾ ਹੈ ।ਨਾਟਕ ਦਾ ਆਰੰਭ ਭਾਵੇਂ ਇਕ ਸਮੱਸਿਆ ਨਾਲ ਹੁੰਦਾ ਹੈ ਪ੍ਰੰਤੂ ਹੋਲੀ-ਹੋਲੀ ਇਸ ਦੀਆਂ ਅਨੇਕਾਂ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ।

ਪੀ.ਐਂਨ.ਸ਼ਾਹੀ ਨੇ ਆਪਣੇ ਇਸ ਨਾਟਕ ਵਿਚ ਸਮਾਜ ਦੇ ਹਰ ਮਨੁੱਖ ਨੂੰ ਧੁਖਦੀ ਧੂਣੀ ਵਾਂਗ ਧੁਖਦੇ ਹੋਏ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ । ਇਸ ਨਾਟਕ ਵਿਚ ਭਰਪੂਰ ਸਮਾਜਕ ਦਖਾਂਤ ਮਿਲਦਾ ਹੈ । ਇਸ ਦੁਖਾਂਤ ਨੂੰ ਪੇਸ਼ ਕਰਨ ਲਈ ਸ਼ਾਹੀ ਨੇ ਮਜ਼ਦੂਰ ਅਤੇ ਮਾਲਕ ,ਮੁਲਾਜ਼ਮ ਵਰਗ ਅਤੇ ਵਿਦਿਆਰਥੀ ਜੀਵਨ ਦੇ ਅਲੱਗ ਅਲੱਗ ਦ੍ਰਿਸ਼ਟੀਕੋਣਾਂ ਰਾਹੀਂ ਪੇਸ਼ ਕੀਤਾ ਹੈ ।ਇਸ ਨਾਟਕ ਵਿਚ ਉਨ੍ਹਾਂ ਨੇ ਸਮਾਜ ਵਿਚ ਭਿਆਨਕ ਰੂਪ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨੰਗਾ ਕੀਤਾ ਹੈ । ਇਸ ਲਈ ਲੇਖਕ ਨੇ ਇਕ ਮਮੂਲੀ ਕਲਰਕ ਅਤੇ ਉਸਦੇ ਨਿਜੀ ਪਰਿਵਾਰਕ ਜ਼ਿੰਦਗੀ ਦੇ ਕੁਝ ਪਹਿਲੂਆਂ ਨੂੰ ਕੇਂਦਰ ਬਿੰਦੂ ਮੰਨ ਕੇ ਇਸ ਨਾਟਕ ਦੀ ਸਿਰਜਣਾ ਕੀਤੀ ਹੈ । ਉਸ ਨੇ ਘਟੀਆ ਸਮਾਜਕ ਪ੍ਰਬੰਧ ਉਪਰ ਵਿਅੰਗ ਕੱਸਿਆ ਹੈ । ।ਨਾਟਕਕਾਰ ਦੇ ਆਪਣੇ ਸ਼ਬਦਾਂ ਵਿਚ:

ਨਾਟਕ 'ਧੁਖਦੀ ਧੂਣੀ' ਸਮਾਜ ਦੀ ਉਸ ਕਾਲਖ,ਭਰਿਸ਼ਟਾਚਾਰ,ਸਮਾਜਿਕ ਕਾਣੀ-ਵੰਡ ਤੇ ਰਾਜਨੀਤਕ ਤਾਕਤ ਦੀ ਜਮਾਤੀ ਹਿਤਾਂ ਲਈ ਦੁਰ-ਵਰਤੋਂ ਕਾਰਨ ਸਮਾਜਿਕ ਵਾਤਾਵਰਣ ਵਿਚ ਪਸਰ ਰਹੀ ਬੇਚੈਨੀ ਨੂੰ ਪ੍ਰਦਰਸ਼ਿਤ ਕਰਦਾ ਹੈ । 3

'ਧੁਖਦੀ ਧੂਣੀ' ਨਾਟਕ ਵਿਚ ਮਨੁੱਖ ਦੇ ਸੱਚ ਬੋਲਣ ਉਪਰ ਵੀ ਪਾਬੰਦੀ ਲਗਾਈ ਜਾਂਦੀ ਹੈ।ਭ੍ਰਿਸ਼ਟ ਸਮਾਜਕ ਢਾਂਚੇ ਅੰਦਰ ਮਨੁੱਖ ਲਈ ਸੱਚ ਬੋਲਣਾ ਵੀ ਗੁਨਾਹ ਬਣ ਜਾਂਦਾ ਹੈ।ਨਾਟਕ ਦਾ ਨਾਇਕ ਜਦੋਂ ਕਾਲਜ਼ ਦੇ ਭ੍ਰਿਸ਼ਟ ਪ੍ਰਸ਼ਾਸਨ ਵਿਰੁੱਧ ਆਵਾਜ਼ ਉਠਾਉਣ ਦੀ ਕੋਸ਼ਿਸ ਕਰਦਾ ਹੈ ਤਾਂ ਉਸਦੀਆਂ ਭਾਵਨਾਂਵਾ ਦਾ ਕਤਲ ਕਰਕੇ ਉਸਨੂੰ ਬੁਰਾ ਭਲਾ ਆਖਿਆ ਜ਼ਾਂਦਾ ਹੈ । ਇਥੋਂ ਤਕ ਕਿ ਬੁਰਾ ਭਲਾ ਕਹਿੰਦੇ ਸਮੇਂ ਉਸ ਦੇ ਬਾਪ ਦਾਦੇ ਨੂੰ ਵੀ ਨਹੀਂ ਬਖਸ਼ਿਆ ਜ਼ਾਂਦਾ ।ਵਿਦਿਆਰਥੀ ਆਪਣੇ ਹੱਕ ਵਿਚ ਆਖਦਾ ਹੈ:

ਇਹ ਜਨਤਾ ਦਾ ਕਾਲਜ ਹੈ,ਇਹ ਕੇਵਲ ਵਿਦਿਆਰਥੀਆਂ ਲਈ ਹੈ,ਇਸ ਵਿਚ ਪੜ੍ਹਨ ਵਾਲਾ ਹਰ ਵਿਦਿਆਰਥੀ ਸੱਚੀ ਗੱਲ ਕਹਿਣ ਦਾ ਹੱਕ ਰੱਖਦਾ ਹੈ । 4

ਪੀ.ਐਨ.ਸ਼ਾਹੀ ਨੇ ਇਸ ਨਾਟਕ ਦੀ ਵਿਅੰਗਾਤਮਕ ਰੂਪ ਵਿਚ ਪੇਸ਼ ਕੀਤਾ ਹੈ । ਸਥਿਤੀ ਉਸ ਸਮੇਂ ਵਧੇਰੇ ਹਾਸੋਹੀਣੀ ਪ੍ਰਤੀਤ ਹੁੰਦੀ ਹੈ ਜਦੋਂ ਨਾਟਕ ਵਿਚਲੇ ਇਕ ਨੇਤਾ ਬਾਰੇ ਗਰੀਬੀ ਨੂੰ ਖਤਮ ਕਰਨ ਦੇ ਨਾਅਰੇ ਲਗਾਏ ਜਾਂਦੇ ਹਨ ।ਇਸ ਵਿਚ ਮੌਜੂਦਾ ਮਤਲਬ ਖੋਰ ਲੋਕਾਂ ਉਪਰ ਵੀ ਵਿਅੰਗ ਕੱਸਿਆ ਹੈ ਕਿ ਉਹ ਕਿਸ ਤਰ੍ਹਾਂ ਭ੍ਰਿਸ਼ਟ ਸਮਾਜ ਵਿਚ ਆਪਣਾ ਮਤਲਬ ਨਿਕਾਲਣ ਵਿਚ ਕਾਮਯਾਬ ਹੋ

ਜਾਂਦੇ ਹਨ ।ਸ਼ਾਹੀ ਨੇ ਆਪਣੇ ਇਸ ਨਾਟਕ ਵਿਚ ਆਧੁਨਿਕ ਦੌਰ ਦੇ ਬੇਈਮਾਨ ਅਤੇ ਘਟੀਆ ਪ੍ਰਬੰਧ ਬਾਰੇ ਵੀ ਚਰਚਾ ਕੀਤੀ ਹੈ ।ਕਾਲਜ ਦੇ ਪ੍ਰਸ਼ਾਸ਼ਨਿਕ ਢਾਂਚੇ ਦੀ ਪੋਲ ਖੋਲੀ ਹੈ ਕਿ ਪ੍ਰਬੰਧਕਾਂ ਵਲੋਂ ਕਿਸ ਤਰ੍ਹਾਂ ਮੌਕੇ ਅਨੁਸਾਨਿਕ ਢਾਂਚੇ ਦਾ ਰ ਆਪਣੇ ਆਪ ਨੂੰ ਪੇਸ਼ ਕੀਤਾ ਜਾਂਦਾ ਹੈ ।ਨਾਟਕ ਵਿਚ ਦਰਸਾਏ ਗਏ ਕਾਲਜ ਵਿਚ ਵੈਸੇ ਤਾਂ ਕੇਵਲ ਚਾਰ ਪ੍ਰੋਫੈਸਰ ਹੀ ਪੜ੍ਹਾਉਦੇ ਦਰਸਾਏ ਗਏ ਹਨ ਪਰੰਤੂ ਯੂਨੀਵਰਸਿਟੀ ਦੀ ਇੰਸਪੈਕਸ਼ਨ ਸਮੇਂ ਜਾਅਲੀ ਪ੍ਰੋਫੈਸਰਾਂ ਦੀ ਢਾਣੀ ਲਿਆ ਕੇ ਖੜੀ ਕਰ ਦਿਤੀ ਜਾਂਦੀ ਹੈ ।ਇਥੋਂ ਤਕ ਕਿ ਵਿਦਿਆਰਥੀਆਂ ਦੀ ਹਾਜ਼ਰੀ ਦੇ ਝੂਠੇ ਰਜ਼ਿਸਟਰ ਤਿਆਰ ਕਰਕੇ ਉਨ੍ਹਾਂ ਅੱਗੇ ਪੇਸ਼ ਕੀਤੇ ਜਾਂਦੇ ਹਨ ਜੋ ਕਿ ਮੌਜੂਦਾ ਵਿਦਿਅਕ ਪ੍ਰਬੰਧ ਉਪਰ ਤਕੜਾ ਕਟਾਕਸ਼ ਹੈ:

ਜਦੋਂ ਯੂਨੀਵਰਸਿਟੀ ਵਲੋਂ ਐਫੀਲੀਏਸ਼ਨ ਬਾਰੇ ਚਿਠੀ ਆਈ ਤਾਂ ਇਸੰਪੈਕਸ਼ਨ ਕਮੇਟੀ ਅੱਗੇ ਪਤਾ ਨਹੀਂ ਕਿਥੋਂ ਪ੍ਰੋਫੈਸਰਾਂ ਦੀ ਢਾਣੀ ਲਿਆ ਕੇ ਖੜੀ ਕਰ ਦਿਤੀ ਨ। ਕਮੇਟੀ ਦੇ ਸਾਰੇ ਮੈਂਬਰਾਂ ਦੀ ਬੜੀ ਖਾਤਰਦਾਰੀ ਕੀਤੀ ਤੇ ਕੀਮਤੀ ਤੋਹਫੇ ਦੇ ਕੇ ਭਰਮਾਇਆ ........................................................................................ਰਜਿਸਟਰਾਂ ਵਿਚ ਜਾਅਲੀ ਹਾਜ਼ਰੀਆਂ ਭਰ ਕੇ ਕਮੇਟੀ ਅੱਗੇ ਪੇਸ਼ ਕਰ ਦਿਤੀਆਂ । 5

ਪੀ.ਐਨ.ਸ਼ਾਹੀ ਨੇ ਆਪਣੇ ਇਸ ਨਾਟਕ ਰਾਹੀਂ ਭ੍ਰਿਸ਼ਟਾਚਾਰਕ ਸਮਾਜਕ ਢਾਂਚੇ ਅਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ । ਰਿਸ਼ਵਤਖੋਰੀ ਅਤੇ ਸਿਫਾਰਸ਼ ਦੇ ਬੋਲਬਾਲੇ ਬਾਰੇ ਵੀ ਨਾਟਕਕਾਰ ਨੇ ਵਿਅੰਗਾਤਮਕ ਟਿੱਪਣੀ ਕੀਤੀ ਹੈ ।

ਨਾਟਕ ਦੇ ਮੁਖ ਪਾਤਰ ਦੀ ਮਾਨਸਿਕ ਅਵਸਥਾ ਦਾ ਵਰਣਨ ਕਰਦਾ ਹੋਇਆ ਨਾਟਕਕਾਰ ਦੱਸਦਾ ਹੈ ਕਿ ਉਸਨੂੰ ਆਪਣੇ ਬੱਚਿਆਂ ਦੀਆਂ ਗੱਲਾਂ ਸੁਣਨ ਲਈ ਵੀ ਮਜ਼ਬੂਰ ਹੋਣਾ ਪੈਂਦਾ ਹੈ ।ਉਸਦੀਆਂ ਮਜ਼ਬੂਰੀਆਂ ਅਤੇ ਦੱਬੀਆਂ ਭਾਵਨਾਂਵਾ ਬੱਚਿਆਂ ਸਾਹਮਣੇ ਵੀ ਜ਼ਹਿਰ ਹੋ ਜਾਂਦੀਆਂ ਹਨ ।ਉਸਦੇ ਬੱਚੇ ਵੀ ਉਸਦਾ ਡਰਪੋਕ ਵਤੀਰਾ ਵੇਖ ਕੇ ਉਸਦਾ ਮਜ਼ਾਕ ਉਡਾਉਂਦੇ ਹਨ:

ਤੁਸੀਂ ਆਪ ਤਾਂ ਆਪਣੇ ਅਫਸਰਾਂ ਅੱਗੇ ਬੋਲ ਨਹੀਂ ਸਕਦੇ,ਤੇ ਨਾ ਹੀ ਆਪਣੇ ਹੱਕ ਲੈਣ ਦਾ ਹੌਂਸਲਾ ਰੱਖਦੇ ਹੋ,ਕਿਉਂ,ਤਹਾਡੇ ਵਿਚ ਹਿੰਮਤ ਜੋ ਨਹੀਂ । 7

ਪੀ.ਐਨ.ਸ਼ਾਹੀ ਨੇ ਗਰੀਬੀ ਨੂੰ ਵੀ ਅਨੇਕਾਂ ਸਮਾਜਕ ਸਮੱਸਿਆਵਾਂ ਦੀ ਜੜ੍ਹ ਦੱਸਿਆ ਹੈ ।ਨਾਟਕ ਦਾ ਮੁਖ ਪਾਤਰ ਆਪਣੇ ਪਿਤਾ ਦਾ ਹਵਾਲਾ ਦਿੰਦਿਆਂ ਦੱਸਦਾ ਹੈ ਕਿ ਗਰੀਬ ਹੋਣ ਕਰਕੇ ਉਸਦਾ ਪਿਤਾ ਆਪਣੇ ਭ੍ਰਿਸ਼ਟ ਅਫਸਰ ਵਿਰੁੱਧ ਕੀਤੀ ਸ਼ਿਕਾਇਤ ਨੂੰ ਸਹੀ ਨਹੀਂ ਸਾਬਿਤ ਕਰ ਸਕਿਆ ਅਤੇ ਅੰਤ ਵਿਚ ਆਪਣੇ ਪ੍ਰਾਣ ਤਿਆਗ ਦਿੰਦਾ ਹੈ ।

ਨਾਟਕ ਵਿਚਲਾ ਪਾਤਰ ਜਦੋਂ ਭਿਸ਼ਟਾਚਾਰ ਅਤੇ ਸਮਾਜਕ ਅਨਿਆਂ ਵਿਰੁੱਧ ਆਪਣੀ ਆਵਾਜ ਲਾਮਬੰਦ ਕਰਨੀ ਚਾਹੁੰਦਾ ਹੈ ਤਾਂ ਉਸਦੀ ਮਾਂ ਉਸਨੂੰ ਸਮਝਾਉਦੀ ਹੋਈ ਆਖਦੀ ਹੈ ਕਿ ਤੇਰੀ ਆਵਾਜ ਵਿਚ ਹਾਂ ਨਾਲ ਹਾਂ ਮਿਲਾਉਣ ਵਾਲੇ ਲੋਕਾਂ ਦੀ ਗਿਣਤੀ ਘੱਟ ਹੈ ਇਸ ਕਰਕੇ ਹੀ ਸਮਾਜ ਅੰਦਰੋਂ ਭ੍ਰਿਸ਼ਟਾਚਾਰ ਦਾ ਬੋਲਬਾਲਾ ਖਤਮ ਨਹੀਂ ਹੋ ਰਿਹਾ ।

ਆਜ਼ਾਦੀ ਦੀ ਲਹਿਰ ਚਲਾਉਣ ਵਾਲਿਆਂ ਦੀ ਗਿਣਤੀ ਵੀ ਤਾਂ ਪਹਿਲੋ ਪਹਿਲ ਬਹੁਤ ਘੱਟ ਹੀ ਸੀ ਤੇ ਹੋਲੀ ਹੋਲੀ ਅੱਗ ਦੇ ਭਾਂਬੜ ਵਾਂਗ ਫੈਲ ਗਈ ।ਅੰਤ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ । ਮੈਂ ਵੀ ਹੁਣ ਪਿਛੇ ਨਹੀਂ ਰਹਾਂਗਾ,ਇਹ ਲਹਿਰ ਹਿਮਾਲਾ ਦੀਆਂ ਚੋਟੀਆਂ ਤੋਂ ਲੈ ਕੇ ਸਮੁੰਦਰ ਦੀਆਂ ਛੱਲਾਂ ਤੱਕ ਤੂਫਾਨ ਵਾਂਗ ਫੈਲਾ ਦਿਆਂਗਾ ।8

ਨਾਟਕ ਵਿਚ ਨਾਟਕਕਾਰ ਨੇ ਗਰੀਬ ਅਤੇ ਲਤਾੜੇ ਜਾ ਰਹੇ ਲੋਕਾਂ ਦਾ ਦ੍ਰਿਸ਼ ਵੀ ਪੇਸ਼ ਕੀਤਾ ਹੈ ।ਨਾਟਕਕਾਰ ਨੇ ਰਾਜਨੀਤਕ ਪ੍ਰਬੰਧ ਦੇ ਕੋਹਜ਼ ਨੂੰ ਵੀ ਨੰਗਾ ਕੀਤਾ ਹੈ । ਨਾਟਕ ਵਿਚ ਇਕ ਪਾਸੇ ਤਾਂ ਦੇਸ਼ ਦੇ ਲੋਕ ਗਰੀਬੀ ਅਤੇ ਭੁਖਮਰੀ ਦਾ ਸ਼ਿਕਾਰ ਹਨ ਦੂਜੇ ਪਾਸੇ ਦੇਸ਼ ਦਾ ਲੱਖਾਂ ਟਨ ਅਨਾਜ਼ ਗੁਦਾਮਾਂ ਵਿਚ ਰੁਲ ਰਿਹਾ ਹੈ ।ਨਾਟਕਕਾਰ ਨੇ ਅਜ਼ਾਦ ਭਾਰਤ ਉਤੇ ਵੀ ਵਿਅੰਗ ਕੱਸਿਆ ਹੈ ਕਿ ਦੇਸ਼ ਦੇ ਅਜ਼ਾਦ ਹੋਣ ਤੋਂ 66 ਸਾਲ ਬਾਅਦ ਵੀ ਆਮ ਲੋਕਾਂ ਦੇ ਜੀਵਨ ਵਿਚ ਕੋਈ ਸੁਧਾਰ ਨਹੀਂ ਹੋਇਆ । ਅਜ਼ਾਦੀ ਤੋਂ ਪਹਿਲਾਂ ਜਿਥੇ ਅੰਗਰੇਜ਼ ਭਾਰਤੀ ਲੋਕਾਂ ਨੂੰ ਲੱਟਦੇ ਸੀ ਉਥੇ ਹੁਣ ਲੋਕਾਂ ਵਲੋਂ ਚੁਣੇ ਹੋਏ ਉਨ੍ਹਾਂ ਦੇ ਨੁੰਮਾਉਦੇ ਹੀ ਉਨ੍ਹਾਂ ਦੀ ਲੁਟ ਖਸੁਟ ਕਰਦੇ ਹਨ ।

ਓਏ ਜਾਨ ਕਿਥੇ ਛੁਟੀ,ਇਹਨੂੰ ਤਾਂ ਫੂਕਣ ਲਈ ਪੂਰਾ ਬਾਲਣ ਵੀ ਨਹੀਂ ਮਿਲਣਾ.....ਜੇ ਯਕੀਨ ਨਹੀਂ ਤਾਂ ਆਥਣ ਨੂੰ ਮੇਰੇ ਨਾਲ ਜਾ ਕੇ ਮੜ੍ਹੀਆਂ ਵਿਚ ਦੇਖ ਲੈਣਾ ...ਇਹਦੇ ਅੱਧ ਜਲੇ ਸਰੀਰ ਨੂੰ ਕੁਤੇ ਧਰੂਹੀਂ ਫਿਰਨਗੇ । 9

ਨਾਟਕ ਦੇ ਅੰਤ ਤੱਕ ਪਹੁੰਚਦਿਆਂ ਨਾਟਕਕਾਰ ਦੀ ਸੋਚ ਪ੍ਰਗਤੀਵਾਦੀ ਬਣ ਜਾਂਦੀ ਹੈ ਅਤੇ ਉਹ ਆਪਣੇ ਹੱਕਾਂ ਦੀ ਪ੍ਰਾਪਤੀ ਖਾਤਰ ਸਮਾਜ ਨੂੰ ਸੰਘਰਸ਼ ਕਰਨ ਲਈ ਪ੍ਰੇਰਦਾ ਹੈ ।

ਪੀ.ਐਨ.ਸ਼ਾਹੀ ਨੇ ਆਪਣੇ ਨਾਟਕ 'ਧਖਦੀ ਧੂਣੀ' ਵਿਚ ਸਮਾਜ਼ ਅੰਦਰ ਧਸ ਚੁਕੀਆਂ ਬੁਰਾਈਆਂ ਦਾ ਪਰਦਾ ਫਾਸ਼ ਕੀਤਾ ਹੈ ।ਉਸਨੇ ਸਿਖਿਆ ਪ੍ਰਣਾਲੀ, ਅਸੈਬਲੀ ਹਾਲ,ਸਰਮਾਏਦਾਰ ਲੋਕਾਂ ਦਾ ਕਿਰਦਾਰ ਅਤੇ ਗਰੀਬ ਲੋਕਾਂ ਦੀ ਮਜ਼ਬੂਰੀ ਨੂੰ ਬਾਖੂਬੀ ਢੰਗ

ਨਾਲ ਪੇਸ਼ ਕੀਤਾ ਹੈ ।ਨਾਟਕਕਾਰ ਨੇ ਅੱਜ ਦੇ ਸਮਾਜ ਦਾ ਯਥਾਰਥਕ ਚਿਤਰ ਪੇਸ਼ ਕੀਤਾ ਹੈ ।ਉਸਦਾ ਇਹ ਨਾਟਕ ਭ੍ਰਿਸ਼ਟਾਚਾਰ, ਸਮਾਜਕ ਕਾਣੀ ਵੰਡ ਅਤੇ ਰਾਜਨੀਤਕ ਸੱਤਾ ਦੀ ਦੁਰਵਰਤੋ ਕਾਰਨ ਸਮਾਜ ਅੰਦਰ ਫੈਲੀ ਬੇਚੈਨੀ ਨੂੰ ਪ੍ਰਦਰਸ਼ਿਤ ਕਰਦਾ ਹੈ ।

ਪੀ.ਐਨ ਸ਼ਾਹੀ ਨੇ ਆਪਣੇ ਦੂਜੇ ਨਾਟਕ 'ਕੱਲ ਅਤੇ ਅੱਜ' ਵਿਚ ਵਰਤਮਾਨ ਅਤੇ ਭੂਤਕਾਲ ਵਿਚਲੇ ਤਣਾਓ ਦੀ ਪੇਸ਼ਕਾਰੀ ਕੀਤੀ ਹੈ ।ਨਾਟਕਕਾਰ ਨੇ ਆਪਣੇ ਇਸ ਨਾਟਕ ਵਿਚ ਕੱਲ ਲਈ ਸੰਜੋਏ ਜਾ ਰਹੇ ਸੁਪਨਿਆ ਅਤੇ ਅੱਜ ਦੀ ਅਸਲੀ ਜ਼ਿੰਦਗੀ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ ।ਨਾਟਕ ਕੱਲ ਅਤੇ ਅੱਜ ਦੇ ਆਰੰਭ ਵਿਚ ਪੀ. ਐਨ.ਸ਼ਾਹੀ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਅਲੱਗ ਅਲੱਗ ਫਿਰਕਿਆਂ,ਧਰਮਾਂ ,ਦੇ ਲੋਕਾਂ ਵਲੋਂ ਪਾਏ ਗਏ ਯੋਗਦਾਨ ਬਾਰੇ ਚਰਚਾ ਕੀਤੀ ਹੈ ।ਦੇਸ਼ ਦੀ ਆਜ਼ਾਦੀ ਲਈ ਚਲੀ ਗਦਰ ਲਹਿਰ ਵਿਚ ਕਿਰਤੀ ਕਾਮਿਆਂ,ਕਿਸਾਨਾਂ,ਮੁਲਾਜ਼ਮਾਂ ਅਤੇ ਸਮੂਹ ਭਾਰਤੀ ਲੋਕਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ।ਇਸ ਨਾਟਕ ਵਿਚ ਗੁਜ਼ਰੇ ਹੋਏ ਕੱਲ ਨੂੰ ਪੂਰੀ ਤਰ੍ਹਾਂ ਉਘਾੜਨ ਦੇ ਯਤਨ ਕਰਨ ਦਾ ਉਪਰਾਲਾ ਕੀਤਾ ਹੈ।

ਆਜ਼ਾਦੀ ਦੇ ਸ਼ੰਘਰਸ਼ ਵਿਚ ਪੰਜਾਬੀ ਲੋਕਾਂ ਵਲੋਂ ਵਿਸੇਸ਼ ਯੋਗਦਾਨ ਪਾਇਆ ਹੈ ।ਨਾਟਕ ਵਿਚ ਕੱਲ ਦੀ ਪੇਸ਼ਕਾਰੀ ਕਰਦੇ ਸਾਰੇ ਪਾਤਰ ਪੰਜਾਬੀ ਹੀ ਹਨ ।ਨਾਟਕ ਵਿਚ ਪੰਜਾਬ ਦੀ ਪ੍ਰਤਿਨਿੱਧਤਾ ਕਰਨ ਵਾਲਾ ਪੇਸ਼ ਬਾਬਾ ਪਾਤਰ ਕੱਲ ਦਾ ਪ੍ਰਤੀਕ ਹੈ ਜਿਸਨੇ ਤਨ,ਮਨ ਅਤੇ ਧਨ ਨਾਲ ਜੰਗੇ ਆਜ਼ਾਦੀ ਵਿਚ ਹਿੱਸਾ ਲਿਆ ।ਬਾਬਾ ਨਾਟਕ ਵਿਚ ਇਕ ਮੰਡੇ ਨੂੰ ਆਜ਼ਾਦੀ ਦੇ ਸ਼ੰਘਰਸ਼ ਵਿਚ ਪਾਏ ਗਏ ਯੋਗਦਾਨ ਬਾਰੇ ਦੱਸਦਾ ਹੈ:

ਹਿੰਦੂਆਂ,ਸਿੱਖਾਂ,ਮੁਸਲਮਾਨਾਂ,ਕਿਰਤੀ,ਕਿਰਸਾਨਾਂ ਅਤੇ ਅਨੇਕਾਂ ਦੇਸ ਭਗਤਾਂ ਨੇ ਆਪਣੇ ਖੁਨ ਦੀਆਂ ਪਲੀਆਂ ਭਰ ਭਰ ,ਭਾਰਤ ਮਾਂ ਨੂੰ ਆਜ਼ਾਦ ਕਰਵਾਉਣ ਲਈ ਆਜ਼ਾਦੀ ਦੀ ਜੋਤ ਨੂੰ ਪਰਚੰਡ ਕੀਤਾ।ਕਰਾਤਰ ਸਿੰਘ ਸਰਾਭੇ ਦੇ ਇਨਕਲਾਬੀ ਲੋਕ ਗੀਤਾਂ ਨੂੰ ਪੰਜਾਬੀ ਮਟਿਆਰਾਂ ਨੇ ਆਪਣੀਆਂ ਸੁਰਾਂ ਦਾ ਰੂਪ ਦੇ ਕੇ ਇਨਕਲਾਬੀਆਂ ਦਾ ਸਾਥ ਦਿੱਤਾ । 2

ਪੰਜਾਬੀ ਮੁਟਿਆਰਾਂ ਦੀ ਭੂਮਿਕਾ ਨੂੰ ਨਾਟਕਕਾਰ ਨੇ ਖਾਸ ਤੌਰ ਤੇ ਦਰਸਾਇਆ ਹੈ ।ਉਹ ਨਾਟਕ ਵਿਚ ਗਿੱਧਾ ਪਾਉਦੀਆਂ ਹੋਈਆਂ ਗੋਰੇ ਲੋਕਾਂ ਦੀ ਖੂਬ ਖੁੰਭ ਠੱਪੀ:

ਬੱਲੇ ਬੱਲੇ ਬਈ ਗੋਰਿਆਂ ਦੀ ਅੱਗ ਨਾ ਬਲੇ ਇਨਕਲਾਬੀਆਂ ਦੇ ਪੱਕਣ ਪਰਾਉਠੇ, ਬਈ ਗੋਰਿਆਂ ਦੀ ,

ਅੱਗ ਨਾ ਬਲੇ । 3

ਨਾਟਕਕਾਰ ਨੇ ਨਾਟਕ ਕੱਲ ਅਤੇ ਅੱਜ ਵਿਚ ਤੱਤਕਾਲੀਨ ਸਮੇਂ ਚਲੀ ਗਦਰ ਲਹਿਰ ਨੂੰ ਪੇਸ਼ ਕੀਤਾ ਹੈ ।ਭਾਵੇਂ ਇਸ ਲਹਿਰ ਦੀ ਅੰਗਰੇਜ਼ਾਂ ਸਾਹਮਣੇ ਕੋਈ ਪੇਸ਼ ਨਾ ਚਲੀ ਪਰੰਤੂ ਫਿਰ ਵੀ ਇਸ ਲਹਿਰ ਦੇ ਆਗੂਆਂ ਨੇ ਆਜ਼ਾਦੀ ਦੇ ਸੰਘਰਸ਼ ਲਈ ਇਕ ਪਲੇਟਫਾਰਮ ਤਿਆਰ ਕਰ ਦਿੱਤਾ।ਸ਼. ਭਗਤ ਸਿੰਘ ਇਸ ਲਹਿਰ ਦੇ ਪ੍ਰਮੁਖ ਆਗੂ ਸਨ ਜਿਨ੍ਹਾਂ ਨੇ ਆਪਣੇ ਅੰਦਰ ਇਨਕਲਾਬ ਦਾ ਜਜਬਾ ਭਰ ਕੇ ਅੰਗਰੇਜ਼ਾਂ ਨਾਲ ਟੱਕਰ ਲਈ ।ਡਾ. ਕਮਲੇਸ਼ ਉਪਲ ਅਨੁਸਾਰ:

ਕੱਲ ਦੇ ਭਾਰਤ ਵਾਸੀਆਂ ਦੇ ਸੁਪਨੇ ਬਹੁਤ ਮਹਾਨ ਸਨ।ਆਦਰਸ ਉਚੇ ਸਨ।ਇਰਾਦੇ ਬੁਲੰਦ ਸਨ।ਉਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਦੀ ਲਾਲਸਾ ਅਤੇ ਆਦਰਸ਼ਾਂ ਅਤੇ ਇਰਾਦਿਆਂ ਦੀ ਬੁਲੰਦੀ ਨੇ ਹਿਦੁੰਸਤਾਨੀਆਂ ਨੂੰ ਅੰਗਰੇਜ਼ਾਂ ਵਰਗੀ ਤਾਕਤ ਨਾਲ ਟੱਕਰ ਲੈਣ ਲਈ ਏਕਤਾ ਅਤੇ ਸਚਾਈ ਦਾ ਫੌਲਾਦ ਵਰਗਾ ਬਲ ਬਖਸ਼ਿਆ ਸੀ । 4

ਨਾਟਕਕਾਰ ਨੇ ਉਸ ਸਮੇਂ ਦੀ ਪੁਲਿਸ ਹੱਥੋਂ ਪੰਜਾਬੀ ਨੌਜਵਾਨਾਂ ਅਤੇ ਇਨਕਲਾਬੀਆਂ ਨੂੰ ਦਿੱਤੇ ਗਏ ਤਸੀਹਿਆਂ ਦਾ ਵੀ ਜ਼ਿਕਰ ਕੀਤਾ ਹੈ ।ਕੱਲ ਅਤੇ ਅੱਜ ਨਾਟਕ ਦੇਸ਼ ਦੇ ਗਦਾਰ ਲੋਕਾਂ ਦੇ ਚਿਹਰੇ ਉਤੋਂ ਵੀ ਨਕਾਬ ਉਤਾਰਦਾ ਹੈ ।ਅਜਿਹੇ ਲੋਕਾਂ ਦੀ ਗਦਾਰੀ ਕਰਕੇ ਕਈ ਵਾਰ ਆਜ਼ਾਦੀ ਦਾ ਸੰਘਰਸ਼ ਕਰ ਰਹੇ ਲੋਕਾਂ ਨੂੰ ਮੂੰਹ ਦੀ ਖਾਣੀ ਪਈ ਜਦੋਂ ਉਹਨਾਂ ਦਾ ਸੰਘਰਸ਼ ਫੇਲ ਹੋ ਜਾਂਦਾ ਹੈ ।ਮੀਆਂ ਮੀਰ ਛਾਉਣੀ ਵਿਚ ਭਾਰਤੀ ਲੋਕਾਂ ਦੇ ਵਿਦਰੋਹ ਦੇ ਫੇਲ ਹੋਣ ਦਾ ਕਾਰਨ ਵੀ ਗਦਾਰ ਲੋਕਾਂ ਵਲੋਂ ਅੰਗਰੇਜ਼ਾਂ ਨੂੰ ਸਮੇਂ ਤੋਂ ਪਹਿਲਾਂ ਸੰਘਰਸ਼ ਦੀ ਸੂਚਨਾ ਦੇਣਾ ਹੀ ਸੀ :

ਏਹ ਗਦਾਰ,ਜੇ ਕੰਮ ਖਰਾਬ ਨਾ ਕਰਦੇ,ਤਾਂ ਸ਼ਾਡੇ ਮਿਲਟਰੀ ਦੇ ਜਵਾਨਾਂ ਨੇ ਫੱਟੇ ਚੁਕ ਦੇਣੇ ਸਨ ।ਇਹਨਾਂ ਗੋਰਿਆਂ ਦੇ ।ਕਿੰਨਾਂ ਭਾਗਾਂ ਭਰਿਆਂ ਉਹ ਦਿਨ 21 ਫਰਵਰੀ ,1915 ਦਾ ਹੋਣਾ ਸੀ ,ਜਦੋਂ ਫੌਜ ਨੇ ਪਹਿਲਾਂ ਮੀਆਂ ਮੀਰ ਦੀ ਛਾਉਣੀ ਤੋਂ ਵਿਦਰੋਹ ਕਰਨਾ ਸੀ ।ਰਾਸ ਬਿਹਾਰੀ ਬੋਸ ਦੀ ਸਕੀਮ ਨੇ ਤਾਂ ਕਮਾਲ ਹੀ ਕਰ ਦੇਣੀ ਸੀ ।ਭਾਰਤੀ ਫੌਜੀਆਂ ਦਾ ਨਾਮ ਗਦਰ ਦੀ ਗੂੰਜ ਅਖਬਾਰ ਦੇ ਪਹਿਲੇ ਪੰਨੇ ਤੇ ਹੋਣਾ ਸੀ, ਤੇ ਬਾਕੀ ਇਨਕਲਾਬੀਆਂ ਨੇ ਤਾਂ ਟਮਕ ਵਜਾ ਕੇ ਖਬਰਾਂ ਛਪਵਾਉਣੀਆਂ ਸਨ । 5

ਨਾਟਕ ਦੇ ਪਹਿਲੇ ਅੱਧ ਵਿਚ ਜਿਥੇ ਨਾਟਕਕਾਰ ਨੇ ਆਜ਼ਾਦੀ ਦੇ ਸੰਘਰਸ਼ ਵਿਚ ਭਾਰਤੀਆਂ ਵਲੋਂ ਪਾਏ ਗਏ ਯੋਗਦਾਨ ਦੀ ਪ੍ਰਸ਼ੰਸਾਂ ਕੀਤੀ ਹੈ ਉਥੇ ਇਸ ਨਾਟਕ ਦੇ ਦੂਜੇ ਅੱਧ ਵਿਚ ਨਾਟਕਕਾਰ ਨੇ ਆਜ਼ਾਦੀ ਪ੍ਰਾਪਤੀ ਪਿਛੋਂ ਆਜ਼ਾਦੀ ਨੂੰ ਲੈ ਕੇ ਦੇਸ਼ ਵਾਸੀਆਂ ਨੇ ਸੁਪਨੇ ਸੰਜੋਏ ਹੋਏ ਸਨ ਉਹਨਾਂ ਨੂੰ ਟੱਟਦੇ ਹੋਏ ਵਿਖਾਇਆ ਹੈ

ਵਿਦਿਆ ਦੇ ਖੇਤਰ ਵਿਚ ਫੈਲੇ ਹੋਏ ਭ੍ਰਿਸ਼ਟਾਚਾਰ ਨੂੰ ਵੀ ਨਾਟਕਕਾਰ ਨੇ ਪੇਸ਼ ਕੀਤਾ ਹੈ ।ਗਲਤ ਢੰਗ ਨਾਲ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀ ਸਮਾਜ ਦੇ ਸਹੀ ਨਾਗਰਿਕ ਨਹੀਂ ਬਣ ਸਕਦੇ।ਵੱਧ ਰਹੇ ਨਸ਼ਿਆਂ ਨੂੰ ਵੀ ਨਾਟਕਕਾਰ ਨੇ ਆਂਪਣੇ ਇਸ ਨਾਟਕ ਵਿਚ ਪੇਸ ਕੀਤਾ ਹੈ । ਉਸ ਨੇ ਦੱਸਿਆ ਹੈ ਕਿ ਇਹ ਰੁਝਾਨ ਸਮਾਜ ਵਿਚ ਖਾਸ ਤੌਰ ਤੇ ਨੌਜਵਾਨ ਵਰਗ ਅੰਦਰ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ ।ਇਸ ਦੇ ਉਸ ਨੇ ਕਈ ਕਾਰਨ ਦੱਸੇ ਹਨ ਜਿਵੇਂ ਕਿ ਬੇਰੁਜਗਾਰੀ,ਇਕੱਲਤਾ, ਭ੍ਰਿਸ਼ਟਾਚਾਰ ਅਤੇ ਮਾਪਿਆ ਦਾ ਆਪਣੇ ਬੱਚਿਆਂ ਵੱਲ ਧਿਆਨ ਨਾ ਦੇਣਾ ਆਦਿ ।ਮੀਡਿਆ ਵੀ ਇਸ ਵਿਚ ਆਪਣੀ ਅਹਿਮ ਭੂਮਿਕਾ ਨਿਭਾ ਰਿਹਾ ਹੈ ।

ਸਮਾਜ ਵਿਚ ਨੈਤਿਕ ਕਦਰਾਂ ਕੀਮਤਾਂ ਵਿਚ ਆ ਰਹੀ ਗਿਰਾਵਟ ਨੂੰ ਵੀ ਨਾਟਕਕਾਰ ਨੇ ਪੇਸ਼ ਕੀਤਾ ਹੈ ।ਉਸਦਾ ਮੰਨਣਾ ਹੈ ਕਿ ਅਗਰ ਸਮਾਜ ਵਿਚਲੇ ਸਾਰੇ ਲੋਕ ਆਪਣੇ ਨੈਤਿਕ ਕਿਰਦਾਰ ਉਪਰ ਟਿਕੇ ਰਹਿਣ ਤਾਂ ਭ੍ਰਿਸ਼ਟਾਚਾਰ ਕਿਸੇ ਵੀ ਹਾਲਤ ਵਿਚ ਜਨਮ ਨਹੀਂ ਲੈ ਸਕਦਾ।

ਨਾਟਕ ਕੱਲ ਅਤੇ ਅੱਜ ਵਿਚਲਾ ਮੱਖ ਪਾਤਰ ਬਾਬਾ ਬਦਲਦੇ ਹਲਾਤਾਂ ਵਿਚ ਆਏ ਅੰਤਰ ਨੂੰ ਵੇਖ ਕੇ ਵਧੇਰੇ ਦੁੱਖੀ ਹੁੰਦਾ ਹੈ ।ਉਹ ਮਹਿਸੂਸ ਕਰਦਾ ਹੈ ਕਿ ਅੱਜ ਦੇ ਮਨੁੱਖ ਅੰਦਰੋਂ ਮਨੁੱਖਤਾ ਖਤਮ ਹੋ ਚੁੱਕੀ ਹੈ ਅਤੇ ਮਨੁੱਖ ਹੀ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਬਣਿਆ ਫਿਰਦਾ ਹੈ ।ਨਾਟਕਕਾਰ ਸਮਾਜ ਅੰਦਰੋਂ ਗੁਆਚੀ ਜਾ ਰਹੀ ਮਨੁੱਖਤਾ ਨੂੰ ਲੱਭਣ ਲਈ ਵੀ ਯਤਨਸ਼ੀਲ ਪ੍ਰਤੀਤ ਹੁੰਦਾ ਹੈ ਤਾਂ ਜੋ ਕੋਈ ਸੁਹਾਗਣ ਵਿਧਵਾ ਨਾ ਹੋਵੇ ,ਕਿਸੇ ਮਾਂ ਦਾ ਪੱਤਰ ਨਾ ਮਰੇ,ਬੇ ਸਹਾਰਾ ਬੱਚੇ ਸੜਕਾਂ ਤੇ ਨਾ ਰੁਲਣ ।ਉਸਨੇ ਲਿਖਿਆ ਹੈ:

ਓ ਮਨੁੱਖਤਾ ਦੇ ਵਾਰਸੋ,ਤੁਸੀਂ ਹੀ ਬਦੱਸੋ ਇਹ ਕਿਵੇਂ ਗੁਆਚ ਗਈ।ਤੁਸੀਂ ਤਾਂ ਇਸ ਦੇ ਰੱਖਵਾਲੇ ਹੋ। ਮੈਂ ਤੁਹਾਨੂੰ ਪੁੱਛਦਾ ਹਾਂ..{ ਇਹਨੂੰ ਕੌਣ ਚੁੱਕ ਕੇ ਲੈ ਗਿਆ ਏ।ਕਿਤੇ ਤੁਸੀਂ ਇਸਦਾ ਗਲ ਘੁੱਟ ਕੇ ਇਸਨੂੰ ਮਾਰ ਤਾਂ ਨਹੀਂ ਦਿੱਤਾ...।ਉਹ ਮਰੀ ਨਹੀਂ ....ਹਾਲੇ ਜਿਊਂਦੀ ਏ...ਹਾਂ ਜਿਊਂਦੀ ਏ....ਹਾਂ।ਉਸਨੂੰ ਕੋਈ ਨਈਂ ਮਾਰ ਸਕਦਾ।ਹਾਂ..ਹਾਂ ਉਹ ਜਿਊਂਦੀ ਏ।ਆਓ ਸਾਰੇ ਇਕੱਠੇ ਹੋ ਕੇ ਕਿਧਰੋਂ ਇਸ ਨੂੰ ਲੱਭ ਲਿਆਇਏ । 7

ਨਾਟਕ ਦੇ ਅੰਤ ਵਿਚ ਪੀ.ਐਨ .ਸ਼ਾਹੀ ਮਨੁੱਖ ਲਈ ਪ੍ਰੇਰਨਾਸ੍ਰੋਤ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ ।ਉਸਦਾ ਮੰਨਣਾ ਹੈ ਕਿ ਮਨੁੱਖਤਾ ਨੂੰ ਪਿਆਰ ਨਾਲ ਪਾਇਆ ਜਾ ਸਕਦਾ ਹੈ ਨਾ ਕਿ ਨਫਰਤ ਨਾਲ।ਇਸ ਸਾਰੇ ਮਨੁੱਖ ਆਪਸੀ ਭਾਈਚਾਰਕ ਸ਼ਾਂਝ ਸਦਕਾ ਹੀ ਸਮਾਜਕ ਬੁਰਾਈਆਂ ਦਾ ਮੁਕਾਬਲਾ ਕਰ ਸਕਦੇ ਹਾਂ ।ਕੱਲ ਅਤੇ ਅੱਜ ਨਾਟਕ ਦਾ ਵਿਸ਼ਾ ਵਿਸ਼ਾਲ ਹੈ ।ਸ਼ਾਹੀ ਨੇ ਇਸ ਨਾਟਕ ਵਿਚ ਇਕੋ ਸਮੇਂ ਕਈ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ ਅਤੇ ਅਜਿਹਾ ਕਰਦੇ ਸਮੇਂ ਉਸਨੇ ਆਪਣੇ ਇਸ ਨਾਟਕ ਦੇ ਵਿਸ਼ੇ ਨਾਲ ਪੂਰੀ ਤਰ੍ਹਾਂ ਨਿਆਂ ਕੀਤਾ ਹੈ ।

ਆਪਣੇ ਤੀਜੇ ਨਾਟਕ 'ਯੁੱਗ ਵਰਤਾਰਾ'ਵਿਚ ਵਿਚ ਪੀ,ਐਨ.ਸ਼ਾਹੀ ਨੇ ਇਕ ਬਹੁਤ ਵੱਡੇ ਵਿਸ਼ੇ ਦੀ ਪੇਸ਼ਕਾਰੀ ਕੀਤੀ ਹੈ ।ਇਸ ਨਾਟਕ ਵਿਚ ਸ਼ਾਹੀ ਨੇ ਭਾਰਤੀ ਸਮਾਜਕ ਢਾਂਚੇ ਵਿਚ ਭ੍ਰਿਸ਼ਟਾਚਾਰ ਕਰਕੇ ਆ ਰਹੀ ਗਿਰਾਵਟ ਦੀ ਪੇਸ਼ਕਾਰੀ ਕੀਤੀ ਹੈ ।ਧਰਮ ਰਾਜ ਦੇ ਦਰਵਾਰ ਵਿਚ ਬੈਠੇ ਨਾਟਕ ਵਿਚਲੇ ਸਾਰੇ ਪਾਤਰਾਂ ਵਿਚੋਂ ਕੋਈ ਵੀ ਵਾਪਿਸ ਧਰਤੀ ਤੇ ਨਹੀਂ ਆਉਣਾ ਚਾਹੁੰਦਾ।ਇਹ ਇਕ ਮਿੱਥਕ ਨਾਟਕ ਹੈ।ਇਸ ਨਾਟਕ ਵਿਚ ਧਰਮਰਾਜ ਬਦੇ ਦਰਬਾਰ ਵਿਚ ਮ੍ਰਿਤਕ ਰੂਹਾਂ ਨਜ਼ਰ ਆਉਂਦੀਆਂ ਹਨ।ਨਾਟਕਕਾਰ ਨੇ ਇਸ ਨਾਟਕ ਵਿਚ ਭਗਤ ਸਿੰਘ,ਵਾਰਸ ਸ਼ਾਹ,ਖੁਸਰਾ,ਔਰਤ,ਦਰਵੇਸ਼,ਬਜ਼ੁਰਗ,ਮਾਨਵਤਾ ਆਦਿ ਪਾਤਰਾਂ ਰਾਹੀਂ ਮਾਤਲੋਕ ਦੀ ਅਵਸਥਾ ਦਾ ਵਰਣਨ ਕੀਤਾ

ਹੈ।ਇਸ ਨਾਟਕ ਰਾਹੀਂ ਨਾਟਕਕਾਰ ਨੇ ਸਮਾਜਕ ,ਰਾਜਨੀਤਕ,ਸਾਹਿਤਕ ਭ੍ਰਿਸਟਾਚਾਰ ਦਾ ਵਰਣਨ ਕੀਤਾ ਹੈ।

ਅਸਲ ਵਿਚ ਨਾਟਕ ਵਿਚਲੇ ਇਹ ਸਾਰੇ ਪਾਤਰ ਧਰਤੀ ਤੇ ਰਹਿਣਾ ਨਹੀਂ ਚਾਹੁੰਦੇ ਕਿਉਂਕਿ ਇਹ ਇਥੋ ਦੇ ਜੀਵਨ ਨੂੰ ਪਸੰਦ ਨਹੀਂ ਕਰਦੇ।

ਮਰਦ ਪ੍ਰਧਾਨ ਸਮਾਜ ਵਿਚ ਔਰਤ ਉਪਰ ਹੋ ਰਹੇ ਜੁਲਮਾਂ ਦੀ ਪੇਸ਼ਕਾਰੀ ਕੀਤੀ ਹੈ।ਨਾਟਕਕਾਰ ਨੇ ਆਦਿ ਕਾਲ ਤੋਂ ਹੀ ਹੋ ਰਹੇ ਤਸ਼ੱਦਤ ਦੀ ਪੇਸ਼ਕਾਰੀ ਕੀਤੀ ਹੈ।ਇਸ ਨਾਟਕ ਵਿਚ ਨੇ ਨੇਕ ਰੂਹਾਂ ਨੂੰ ਮੁੜ ਧਰਤੀ ਉਪਰ ਭੇਜ਼ ਕੇ ਆਪਣੀ ਵਿਵਸਥਾ ਨੂੰ ਦੇਖਣ ਲਈ ਪ੍ਰੇਰਿਤ ਕੀਤਾ ਹੈ।

ਇਸ ਤਰ੍ਹਾਂ ਪੀ.ਐਨ.ਸ਼ਾਹੀ ਨੇ ਆਪਣੇ ਨਾਟਕਾਂ ਵਿਚ ਸਮਾਜਕ ਯਥਾਰਥ ਦੀ ਸਫਲ ਪੇਸ਼ਕਾਰੀ ਕੀਤੀ ਹੈ।ਉਸਦੀ ਵੱਡੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਹ ਇਨ੍ਹਾਂ ਸਾਰੀਆਂ ਸਮੱਸਿਆਵਾਂ ਨਾਲ ਨੇੜੇ ਤੋਂ ਜੁੜਿਆ ਹੋਇਆ ਹੈ।

## ਹਵਾਲੇ:


1. ਸੱਤਪਾਲ ਸ਼ਰਮਾ,ਰੀਵਿਊ,ਨਾਟਕ ਧੁਖਦੀ ਧੂਣੀ,ਨਾਟਕ ਧੁਖਦੀ ਧੂਣੀ ਰੀਵਾਈਜ਼ਡ ਪ੍ਰੋਡਕਸ਼ਨ ਐਡੀਸ਼ਨ, ਪੰਨਾ -102.
2. ਪੀ.ਐਨ.ਸ਼ਾਹੀ,ਉਹੀ ਪੰਨਾ -24
3. ਉਹੀ ਪੰਨਾ-42
4. ਉਹੀ ਪੰਨਾ-45-46
5. ਉਹੀ ਪੰਨਾ-53
6. ਉਹੀ ਪੰਨਾ-59
7. ਉਹੀ ਪੰਨਾ-75
8. ਪੀ.ਐਨ.ਸ਼ਾਹੀ,ਯੱਗ ਵਰਤਾਰਾ ਤੇ ਹੋਰ ਨਾਟਕ,ਪੰਨਾ-111
9. ਡਾ.ਕਮਲੇਸ਼ ਉਪਲ,ਕੱਲ ਅਤੇ ਅੱਜ (ਰੀਵਿਊ).ਅਕਸ,ਮਈ-1994
10. ਪੀ.ਐਨ.ਸ਼ਾਹੀ,ਯੁੱਗ ਵਰਤਾਰਾ ਤੇ ਹੋਰ ਨਾਟਕ,ਨਾਟਕ ਕੱਲ ਅਤੇ ਅੱਜ,ਪੰਨਾ-121
11. ਉਹੀ,ਪੰਨਾ-144
12. ਉਹੀ, ਪੰਨਾ-156-157